

# ਬਦਲਾਵ

ਆਸ਼ਿਸ਼ ਰਾਏਚੂਰ

## ਮੁਫ਼ਤ ਵੰਡਣ ਦੇ ਲਈ

ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2023

## ਸੰਪਰਕ ਕਰਨ ਦੇ ਲਈ ਜਾਣਕਾਰੀ

All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: **bookrequest@apcwo.org**
Website: **apcwo.org**

ਜਦੋਂ ਤੱਕ ਦੂਜੇ ਕਿਸੇ ਸੰਸਕਰਣ ਬਾਰੇ ਨਹੀਂ ਦੱਸਿਆ ਜਾਂਦਾ। ਇਸ ਕਿਤਾਬ ਵਿੱਚ ਇਸਤੇਮਾਲ ਕੀਤੇ ਗਏ ਬਾਈਬਲ ਦੇ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ ਦੇ ਪੁਰਾਣੇ ਸੰਸਕਰਣ (BSI) ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ ਹਨ।

## ਵਿੱਤੀ ਸਾਂਝੇਦਾਰੀ

ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

## ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ

**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org /elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi - Change)

# ਬਦਲਾਵ

# ਵਿਸ਼ਾ-ਸੂਚੀ

1. ਬਦਲਾਵ-ਇੱਕ ਜਰੂਰੀ ਪ੍ਰਕਿਰਿਆ 1

2. ਸਾਡੇ ਇਰਾਦਿਆਂ ਅਤੇ ਇੱਛਾਵਾਂ ਵਿੱਚ ਬਦਲਾਅ 4

3. ਸਾਡੇ ਵਿਚਾਰਾਂ, ਰਵੱਈਏ, ਸ਼ਬਦਾਂ ਅਤੇ ਵਿਹਾਰ ਵਿੱਚ ਬਦਲਾਵ 6

4. ਅਚਾਨਕ ਬਦਲਾਵ ਲਈ ਖੁੱਲ੍ਹ 8

5. ਵਿਕਾਸ ਅਤੇ ਤਰੱਕੀ ਲਈ-ਬਦਲਾਵ ਜ਼ਰੂਰੀ ਹੈ 11

6. ਬਦਲਾਵ ਦੀ ਆਤਮਾ 12

# 1

# ਬਦਲਾਵ-ਇੱਕ ਜਰੂਰੀ ਪ੍ਰਕਿਰਿਆ

ਬਦਲਾਵ! ਸਾਡੇ ਆਲੇ-ਦੁਆਲੇ, ਹਰ ਚੀਜ਼ ਲਗਾਤਾਰ ਬਦਲ ਰਹੀ ਹੈ। ਅਸੀਂ ਦੁਨੀਆਂ ਭਰ ਵਿੱਚ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਨੂੰ ਬਦਲਦੇ ਦੇਖਦੇ ਹਾਂ। ਚੀਜ਼ਾਂ ਹਰ ਸਮੇਂ ਇੱਕੋ ਜਿਹੀਆਂ ਨਹੀਂ ਰਹਿੰਦੀਆਂ। ਇੱਕ ਆਮ ਗੱਲ "ਜੋ ਇੱਥੇ ਅੱਜ ਸੰਸਾਰ ਵਿੱਚ ਲਗਾਤਾਰ ਹੋ ਰਹੀ ਹੈ ਉਹ ਹੈ!" "ਬਦਲਾਵ" ਸ਼ਬਦ ਦਾ ਅਰਥ ਹੈ ਇੱਕ ਘਟਨਾ ਜਾਂ ਪ੍ਰਕਿਰਿਆ ਜੋ ਚੀਜ਼ਾਂ ਨੂੰ ਬਦਲਣ ਦਾ ਕਾਰਨ ਬਣਦੀ ਹੈ।

ਇੱਕ ਮਸੀਹੀ ਲਈ ਵੀ ਬਦਲਾਵ ਮਹੱਤਵਪੂਰਨ ਹੈ! ਸਾਡਾ ਮਸੀਹੀ ਜੀਵਨ ਪਸ਼ਚਾਤਾਪ ਨਾਲ ਸ਼ੁਰੂ ਹੋਇਆ, ਜਿਸਦਾ ਅਰਥ ਹੈ ਸਾਡੇ ਮਨ ਅਤੇ ਦਿਲ ਨੂੰ ਪਾਪ ਅਤੇ ਸ਼ੈਤਾਨ ਤੋਂ ਦੂਰ ਕਰਨਾ ਅਤੇ ਪਰਮੇਸ਼ੁਰ ਵੱਲ ਮੋੜਨਾ। ਇਸੇ ਲਈ, ਪਰਮੇਸ਼ੁਰ ਨੇ ਸਾਨੂੰ ਤੁਰੰਤ ਬਦਲ ਦਿੱਤਾ। ਸਾਡਾ ਨਵਾਂ ਜਨਮ ਹੋਇਆ ਹੈ! ਅਸੀਂ ਮਸੀਹ ਵਿੱਚ ਨਵੀਆਂ ਰਚਨਾਵਾਂ ਬਣ ਗਏ ਹਾਂ। ਇੱਕ ਪਲ ਵਿੱਚ, ਪਰਮੇਸ਼ੁਰ ਨੇ ਸਾਡੀਆਂ ਰੂਹਾਂ ਵਿੱਚ ਇੱਕ ਰਚਨਾਤਮਕ ਕੰਮ ਕੀਤਾ ਹੈ ਕਿ ਅਸੀਂ ਹਨੇਰੇ ਤੋਂ ਰੌਸ਼ਨੀ ਵੱਲ ਚਲੇ ਗਏ, ਸ਼ੈਤਾਨ ਦੇ ਬੰਧਨਾਂ ਤੋਂ ਛੁੱਟ ਕੇ ਮਸੀਹ ਵਿੱਚ ਅਜ਼ਾਦ ਹੋ ਗਏ। ਮਸੀਹੀ ਜੀਵਨ ਵਿੱਚ ਨਿਰੰਤਰ ਜ਼ਿੰਦਗੀ ਇੱਕ ਬਦਲਾਵ ਹੈ। ਪਰਮੇਸ਼ੁਰ ਨੇ ਸਾਨੂੰ ਪਹਿਲਾਂ ਤੋਂ ਠਹਿਰਾਇਆ ਹੈ, *"ਭਈ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ"* (ਰੋਮੀਆਂ 8:29ੳ)। ਇਹ ਨਿਰੰਤਰ ਪਰਿਵਰਤਨ ਦੁਆਰਾ ਹੈ ਕਿ ਅਸੀਂ ਪੂਰੀ ਤਰ੍ਹਾਂ ਮਸੀਹ ਦੇ ਰੂਪ ਵਿੱਚ ਬਦਲ ਜਾਂਦੇ ਹਾਂ ਅਸੀਂ ਪਰਿਵਰਤਨ ਦੇ ਉਸ ਮਹਾਨ ਦਿਨ ਦੀ ਉਡੀਕ ਕਰਦੇ ਹਾਂ। ਜਦੋਂ ਪ੍ਰਭੂ ਖ਼ੁਦ ਸਵਰਗ ਤੋਂ ਤੁਰ੍ਹੀ ਦੇ ਨਾਲ ਹੇਠਾਂ ਆਵੇਗਾ ਅਤੇ *"ਇੱਕ ਅੱਖ ਦੇ ਝਪਕਦੇ ... ਅਸੀਂ ਸਾਰੇ ਬਦਲ ਜਾਵਾਂਗੇ"* (1 ਕੁਰਿੰਥੀਆਂ 15:51,52)। ਪ੍ਰਾਣੀ ਤੋਂ ਅਵਿਨਾਸ਼ੀ ਵਿੱਚ ਬਦਲ ਜਾਵਾਂਗੇ। *"... ਅਸੀਂ ਉਸ ਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ"* (1 ਯੂਹੰਨਾ 3:2ਅ)।

ਮਸੀਹ ਦੇ ਨਾਲ ਸਾਡਾ ਜੀਵਨ ਇੱਕ ਬਦਲਾਵ ਨਾਲ ਸ਼ੁਰੂ ਹੋਇਆ ਸੀ ਅਤੇ ਇਹ ਬਦਲਾਵ ਹੋਰ ਘਟਨਾਵਾਂ ਨਾਲ ਜਾਰੀ ਰਹੇਗਾ। ਫਿਰ ਵੀ, ਇਹਨਾਂ ਦੇ ਬਿੰਦੂਆਂ ਵਿਚਕਾਰ ਬਦਲਾਵ ਇੱਕ ਨਿਰੰਤਰ ਪ੍ਰਕਿਰਿਆ ਹੈ। ਇਹ ਕਿਤਾਬ ਉਸੇ ਵਿਸ਼ੇ 'ਤੇ ਚਰਚਾ ਕਰਦੀ ਹੈ ਅਤੇ ਜਰੂਰੀ ਤੌਰ 'ਤੇ ਸਾਨੂੰ ਇਸ ਬਦਲ ਦੀ

ਪ੍ਰਕਿਰਿਆ ਵਿੱਚ ਰੁਝੇ ਰੱਖਦੀ ਹੈ। ਅਸੀਂ ਆਪਣੇ ਜੀਵਨ ਦੇ ਉਹਨਾਂ ਖੇਤਰਾਂ ਬਾਰੇ ਵੀ ਚਰਚਾ ਕਰਾਂਗੇ ਜਿੱਥੇ ਸਾਨੂੰ ਬਦਲਾਵ ਦੀ ਲੋੜ ਹੈ।

**2 ਕੁਰਿੰਥੀਆਂ 3:18**
**ਪਰ ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸੇ ਵਿੱਚ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ।**

ਜੇਕਰ ਸਾਡਾ ਧਿਆਨ ਪ੍ਰਭੂ ਉੱਤੇ ਹੈ, ਤਾਂ ਇਹ ਇੱਕ ਜ਼ਰੂਰੀ ਨਤੀਜ਼ਾ ਹੈ ਕਿ ਅਸੀਂ ਉਸ ਦੇ ਸਮਾਨ ਰੂਪ ਵਿੱਚ ਬਦਲ ਜਾਵਾਂਗੇ। ਇਸ ਦੀ ਬਜਾਇ, ਅਸੀਂ ਜਿੰਨਾ ਉਸ ਦੇ ਨੇੜੇ ਆਵਾਂਗੇ ਅਤੇ ਉਸ ਦੀ ਮਹਿਮਾ 'ਤੇ ਧਿਆਨ ਕੇਂਦਰਿਤ ਕਰਾਂਗੇ ਓਨਾ ਹੀ ਜ਼ਿਆਦਾ ਅਸੀਂ ਆਪਣੇ ਜੀਵਨ ਦੇ ਖੇਤਰਾਂ ਨੂੰ ਪਛਾਣਨਾ ਸ਼ੁਰੂ ਕਰਾਂਗੇ ਜਿਨ੍ਹਾਂ ਨੂੰ ਬਦਲਣ ਦੀ ਲੋੜ ਹੈ। ਉੱਪਰ ਦਿੱਤੀ ਆਇਤ ਸਾਨੂੰ ਦੱਸਦੀ ਹੈ ਕਿ ਅਸੀਂ *"ਬਦਲ ਰਹੇ ਹਾਂ।"* (ਧਿਆਨ ਦਿਓ ਕਿ ਇਹ ਵਰਤਮਾਨ ਨਿਰੰਤਰ ਹੈ)। ਜਿਵੇਂ ਕਿ ਅਸੀਂ ਬਦਲਦੇ ਹਾਂ, ਅਸੀਂ ਮਹਿਮਾ ਵਿੱਚ ਬਦਲ ਜਾਂਦੇ ਹਾਂ। ਇਸ ਲਈ ਬਦਲਾਵ ਇੱਕ ਪ੍ਰਕਿਰਿਆ ਹੈ ਜਿਸ ਦੁਆਰਾ ਅਸੀਂ ਇੱਕ ਖੇਤਰ ਤੋਂ ਦੂਜੇ ਵਿੱਚ ਬਦਲਦੇ ਜਾਂਦੇ ਹਾਂ। ਇਸ ਵਿੱਚ ਆਤਮਿਕ ਤਰੱਕੀ ਹੁੰਦੀ ਹੈ। ਬਦਲਾਵ ਤੋਂ ਬਿਨ੍ਹਾਂ ਕੋਈ ਆਤਮਿਕ ਵਿਕਾਸ ਨਹੀਂ ਹੁੰਦਾ ਕਿਉਂਕਿ ਵਿਕਾਸ ਆਪਣੇ ਆਪ ਵਿੱਚ ਬਦਲਾਵ ਦੀ ਪ੍ਰਕਿਰਿਆ ਹੈ। ਅਸੀਂ ਵਿਸ਼ਵਾਸ਼ ਕਰਦੇ ਹਾਂ ਕਿ ਇਹ ਪਰਮੇਸ਼ੁਰ ਦੀ ਇੱਛਾ ਨਹੀਂ ਹੈ ਕਿ ਉਸਦੇ ਬੱਚੇ ਲਈ ਆਪਣੇ ਜੀਵਨ ਦੌਰਾਨ ਆਤਮਿਕ ਤੌਰ 'ਤੇ ਇੱਕ ਥਾਂ 'ਤੇ ਹੀ ਰਹਿਣ। ਇਸ ਦੀ ਬਜਾਏ, ਉਹ ਚਾਹੁੰਦਾ ਹੈ ਕਿ ਅਸੀਂ ਅੱਗੇ ਵੱਧਦੇ ਰਹੀਏ। ਪਰਮੇਸ਼ੁਰ ਨਹੀਂ ਚਾਹੁੰਦਾ ਕਿ ਅਸੀਂ ਇੱਕ ਥਾਂ 'ਤੇ ਰਹੀਏ।

ਸਾਡੇ ਆਤਮਿਕ ਜੀਵਨ ਵਿੱਚ ਹੀ ਬਦਲਾਵ ਜ਼ਰੂਰੀ ਨਹੀਂ ਹੈ। ਪਰ ਇਹ ਸਾਡੇ ਰੋਜ਼ਾਨਾ ਜੀਵਨ ਵਿੱਚ ਵੀ ਬਦਲਾਵ ਪ੍ਰਗਟ ਹੋਣਾ ਚਾਹੀਦਾ ਹੈ। ਸਾਨੂੰ ਇਸ ਨੂੰ ਆਪਣੀ ਸ਼ਖਸੀਅਤ, ਵਿਹਾਰ, ਬੁੱਧੀ, ਨਿਪੁੰਨਤਾ, ਕਾਬਲੀਅਤ, ਵਿੱਤੀ ਯੋਜਨਾਵਾਂ, ਉਦੇਸ਼ਾਂ ਆਦਿ ਵਿੱਚ ਅਪਣਾਉਣਾ ਚਾਹੀਦਾ ਹੈ। ਸਾਡੀਆਂ ਜ਼ਿੰਦਗੀਆਂ ਵਿੱਚ, ਸਾਨੂੰ *"ਮਹਿਮਾ ਤੋਂ ਮਹਿਮਾ"* ਵਿੱਚ ਅੱਗੇ ਵੱਧਣ ਦਾ ਸੰਕਲਪ ਕਰਨਾ ਚਾਹੀਦਾ ਹੈ। ਆਖ਼ਿਰਕਾਰ, ਪਰਮੇਸ਼ੁਰ ਸਾਡੇ ਧਰਤੀ ਉੱਤੇ ਹਰ ਕੰਮ ਵਿੱਚ ਦਿਲਚਸਪੀ ਰੱਖਦਾ ਹੈ ਜਿਵੇਂ ਕਿ–ਸਿੱਖਿਆ, ਭਵਿੱਖ, ਪਰਿਵਾਰ, ਕਾਰੋਬਾਰ, ਸੇਵਾ ਅਤੇ ਕੰਮ ਕਰਨ ਦੇ ਮੌਕੇ ਵਿੱਚ ਵੀ ਹੈ।

ਉਦਾਹਰਨ ਦੇ ਲਈ, ਜੇਕਰ ਤੁਸੀਂ ਇੱਕ ਸਫਲ ਡਾਕਟਰ ਹੋ, ਤਾਂ ਵੀ

ਤੁਸੀਂ ਇੱਕ ਬਿਹਤਰ ਡਾਕਟਰ ਬਣਨ ਲਈ ਕੰਮ ਕਰ ਸਕਦੇ ਹੋ। ਇਸ ਦੀ ਬਜਾਏ, ਤੁਸੀਂ ਅਜਿਹੇ ਤਰੀਕਿਆਂ 'ਤੇ ਵਿਚਾਰ ਕਰ ਸਕਦੇ ਹੋ ਕਿ ਜੋ ਲੋਕ ਇਲਾਜ ਦੀਆਂ ਸਹੂਲਤਾਂ ਤੋਂ ਵਾਂਝੇ ਹਨ। ਉਨ੍ਹਾਂ ਨੂੰ ਇਹ ਸਹੂਲਤ ਪ੍ਰਦਾਨ ਕਰੋ। ਤੁਸੀਂ ਉਹ ਕੰਮ ਕਰ ਸਕਦੇ ਹੋ ਜੋ ਪਹਿਲਾਂ ਤੁਹਾਡੀ ਯੋਜਨਾ ਵਿੱਚ ਨਹੀਂ ਸਨ। ਜੇਕਰ ਤੁਸੀਂ ਵਿਦਿਆਰਥੀ ਹੋ, ਤਾਂ ਤੁਸੀਂ ਸਖ਼ਤ ਮਿਹਨਤ ਕਰਕੇ ਆਪਣੇ ਗਿਆਨ ਅਤੇ ਪ੍ਰਾਪਤੀਆਂ ਨੂੰ ਵਧਾ ਸਕਦੇ ਹੋ। ਜੇ ਤੁਸੀਂ ਘਰ ਵਿੱਚ ਰਹਿੰਦੇ ਹੋ, ਤਾਂ ਤੁਸੀਂ ਆਪਣੇ ਪਰਿਵਾਰ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਨੂੰ ਵਧੇਰੇ ਅਰਾਮ ਪ੍ਰਦਾਨ ਕਰਨ ਵਿੱਚ ਗੁਣਵੱਤਾ ਲਿਆ ਸਕਦੇ ਹੋ। ਜੇ ਤੁਸੀਂ ਸੇਵਕ ਹੋ, ਤਾਂ ਤੁਸੀਂ ਆਪਣੇ ਅੰਦਰ ਹੋਰ ਤਰੱਕੀ ਕਰ ਸਕਦੇ ਹੋ। ਫਿਰ ਵੀ ਇਹ ਸਭ ਕੁਝ ਉਦੋਂ ਹੀ ਸੰਭਵ ਹੋਵੇਗਾ ਜਦੋਂ ਅਸੀਂ ਆਪਣੇ ਆਪ ਨੂੰ "ਬਦਲਣ" ਲਈ ਤਿਆਰ ਹੋਵਾਂਗੇ। ਅਗਲੇ ਪਾਠਾਂ ਵਿੱਚ, ਅਸੀਂ ਬਦਲਾਵ ਦੇ ਕੁਝ ਖੇਤਰਾਂ ਬਾਰੇ ਵਿਚਾਰ ਕਰਾਂਗੇ।

# 2
# ਸਾਡੇ ਇਰਾਦਿਆਂ ਅਤੇ ਇੱਛਾਵਾਂ ਵਿੱਚ ਬਦਲਾਅ

**ਜ਼ਬੂਰ 51:10**

**ਹੇ ਪਰਮੇਸ਼ੁਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ** (ਸਹੀ) **ਆਤਮਾ ਵੀ।**

ਸਾਡੇ ਅੰਦਰੂਨੀ ਇਰਾਦੇ ਅਤੇ ਇੱਛਾਵਾਂ ਬਹੁਤ ਮਹੱਤਵਪੂਰਨ ਹਨ। ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਇੱਕ ਆਤਮਿਕ ਅਤੇ ਸੱਚੇ ਮਸੀਹੀ ਦੇ ਵੀ ਕਿਸੇ ਖ਼ਾਸ ਖੇਤਰ ਵਿੱਚ ਗ਼ਲਤ ਇਰਾਦੇ ਜਾਂ ਇੱਛਾਵਾਂ ਹੋ ਸਕਦੀਆਂ ਹਨ। ਸਾਡੇ ਵਿੱਚੋਂ ਕੋਈ ਵੀ ਇਸ ਬੁਰਾਈ ਤੋਂ ਆਪਣੇ ਆਪ ਬਚ ਨਹੀਂ ਸਕਦਾ। ਸਗੋਂ ਸਾਨੂੰ ਇਨ੍ਹਾਂ ਗੱਲਾਂ ਤੋਂ ਲਗਾਤਾਰ ਚੌਕਸ ਰਹਿਣਾ ਪਵੇਗਾ। ਪ੍ਰਭੂ ਸਾਨੂੰ ਸਿਖਾਉਂਦਾ ਹੈ, *"ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਉਸੇ ਤੋਂ ਨਿੱਕਲਦੀਆਂ ਹਨ"* (ਕਹਾਉਤਾਂ 4:23)। ਇਹ ਇਸ ਤਰ੍ਹਾਂ ਦੇ ਇਰਾਦੇ ਜਾਂ ਇੱਛਾਵਾਂ ਨਹੀਂ ਹਨ। ਇਹ ਮਹੱਤਵਪੂਰਨ ਅਤੇ ਬਦਲਣ ਲਈ ਪਹਿਲਾ ਕਦਮ ਹੈ। ਪਰਮੇਸ਼ੁਰ ਦਾ ਵਚਨ ਸਾਨੂੰ ਬਾਰ-ਬਾਰ ਦੱਸਦਾ ਹੈ ਕਿ ਸਾਡੇ ਆਪਣੇ ਜੀਵਨ ਦੀ ਜਾਂਚ ਕਰੋ। ਸਾਡੇ ਦਿਲਾਂ ਨੂੰ ਗ਼ਲਤ ਇਰਾਦਿਆਂ ਦੇ ਗੁਲਾਮ ਬਣਨ ਤੋਂ ਬਚਾਉਣ ਦੀ ਜਿੰਮੇਵਾਰੀ ਸਾਡੇ ਹੈ। ਇਸ ਵਿੱਚ ਕੁਝ ਗ਼ਲਤ ਨਹੀਂ ਜੇਕਰ ਅਸੀਂ ਆਪਣੇ ਦਿਲਾਂ ਦੀ ਖੋਜ ਦੇ ਹਾਂ ਅਤੇ ਅਜਿਹੇ ਇਰਾਦਿਆਂ ਤੇ ਇੱਛਾਵਾਂ ਜੋ ਅਸਲ ਵਿੱਚ ਹਨ ਨੂੰ ਪਛਾਣਦੇ ਹਾਂ। ਬਦਲਾਵ ਦੀ ਵੱਲ ਇਹ ਪਹਿਲਾ ਅਤੇ ਮਹੱਤਵਪੂਰਣ ਕਦਮ ਹੈ। ਪਵਿੱਤਰ ਬਾਈਬਲ ਬਾਰ ਬਾਰ ਸਾਨੂੰ ਦੱਸਦਾ ਹੈ ਕਿ ਅਸੀਂ ਆਪਣੇ ਆਪ ਨੂੰ ਜਾਂਚੀਏ।

**1 ਕੁਰਿੰਥੀਆਂ 11:28**

**ਪਰ ਮਨੁੱਖ ਆਪਣੇ ਆਪ ਨੂੰ ਪਰਖੇ ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ।**

**1 ਕੁਰਿੰਥੀਆਂ 11:31**

**ਪਰ ਜੇ ਅਸੀਂ ਆਪਣੇ ਆਪ ਨੂੰ ਜਾਂਚਦੇ ਤਾਂ ਜਾਂਚੇ ਨਾ ਜਾਂਦੇ।**

**2 ਕੁਰਿੰਥੀਆਂ 13:5**

**ਆਪਣਾ ਪਰਤਾਵਾ ਕਰੋ ਕਿ ਤੁਸੀਂ ਨਿਹਚਾ ਵਿੱਚ ਹੋ ਜਾਂ ਨਹੀਂ। ਆਪਣੇ ਆਪ ਨੂੰ ਪਰਖੋ।**

**ਅਥਵਾ ਕੀ ਤੁਸੀਂ ਆਪ ਨੂੰ ਨਹੀਂ ਜਾਣਦੇ ਜੋ ਯਿਸੂ ਮਸੀਹ ਤੁਹਾਡੇ ਵਿੱਚ ਹੈ, ਜੇ ਤੁਸੀਂ ਅਪਰਵਾਨ ਨਾ ਹੋ।**

## ਸੇਵਾ ਵਿੱਚ ਇਰਾਦੇ

ਗ਼ਲਤ ਇਰਾਦਿਆਂ ਅਤੇ ਇੱਛਾਵਾਂ ਨੂੰ ਪਛਾਣਨ ਤੋਂ ਬਾਅਦ, ਉਹਨਾਂ ਦਾ ਇਕਰਾਰ ਕਰੋ ਅਤੇ ਪ੍ਰਭੂ ਨੂੰ ਕਹੋ ਕੇ ਉਹ ਸਾਨੂੰ ਬਦਲੇ। ਜਿਵੇਂ ਦਾਊਦ ਨੇ ਪ੍ਰਾਰਥਨਾ ਕੀਤੀ ਉਵੇਂ ਕਰੋ, *"ਹੇ ਪਰਮੇਸ਼ੁਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਵੀ"* (ਜ਼ਬੂਰ 51:10)। ਵਿਅਕਤੀਗਤ ਤੌਰ 'ਤੇ ਸਾਡੇ ਜੀਵਨ ਵਿੱਚ ਸਾਨੂੰ ਲਗਾਤਾਰ ਬੁਰੇ ਇਰਾਦਿਆਂ ਤੋਂ ਬਚਣਾ ਪੈਂਦਾ ਹੈ ਜੋ ਕਈ ਕਿਸਮਾਂ ਦੇ ਹੁੰਦੇ ਹਨ ਜਦੋਂ ਅਸੀਂ ਲੋਕਾਂ ਦੀ ਸੇਵਾ ਕਰਦੇ ਹਾਂ। ਇਹ ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ *"ਮੈਂ ਅਜਿਹਾ ਕਿਉਂ ਕਰ ਰਿਹਾ ਹਾਂ। ਮੇਰਾ ਇਰਾਦਾ ਹੈ ਕਿ ਮੈਂ ਅਸਲ ਵਿੱਚ ਕੀ ਚਾਹੁੰਦਾ ਹਾਂ?"* ਉਦਾਹਰਣ ਲਈ, ਜੇ ਸਾਨੂੰ ਕਿਸੇ ਖਾਸ ਜਗ੍ਹਾ 'ਤੇ ਸੇਵਾ ਕਰਨ ਲਈ ਬੁਲਾਇਆ ਗਿਆ ਹੈ ਤਾਂ ਸਾਨੂੰ ਆਪਣੇ ਦਿਲਾਂ ਨੂੰ ਤਿਆਰ ਕਰਨ ਅਤੇ ਉੱਥੇ ਜਾਣ ਦਾ ਸ਼ੁੱਧ ਇਰਾਦਾ ਦੇਣ ਲਈ ਪ੍ਰਭੂ ਦੀ ਲੋੜ ਹੈ। ਸਾਨੂੰ ਆਪਣੇ ਦਿਲਾਂ ਦੀ ਰਾਖੀ ਕਰਨੀ ਚਾਹੀਦੀ ਹੈ ਤਾਂ ਜੋ ਉਹ ਉਸ ਦਾਨ 'ਤੇ ਧਿਆਨ ਕੇਂਦਰਿਤ ਨਾ ਕਰਨ ਜੋ ਉਹ ਸਾਡੀ ਸੇਵਾ ਲਈ ਦੇ ਸਕਦਾ ਹੈ। ਸਾਨੂੰ ਆਪਣੇ ਦਿਲ ਦੀ ਰਾਖੀ ਕਰਨੀ ਚਾਹੀਦੀ ਹੈ, ਤਾਂ ਜੋ ਅਜਿਹਾ ਨਾ ਹੋਵੇ ਕਿ ਅਸੀਂ ਆਪਣੇ ਆਪ ਨੂੰ "ਪਰਮੇਸ਼ੁਰ ਦੇ ਮਸਹ ਕੀਤੇ ਹੋਏ ਸੇਵਕ" ਵਜੋਂ ਪਛਾਣਨਾ ਚਾਹੁੰਦੇ ਹਾਂ। ਜਦੋਂ ਅਸੀਂ ਸੇਵਾ ਵਿੱਚ ਅੱਗੇ ਵੱਧਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਦਿਲ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਕਿ ਅਸੀਂ ਆਪਣੀ "ਸੇਵਕਾਈ" ਜਾਂ "ਰਾਜ" ਵਿੱਚ ਵਾਧਾ ਤਾਂ ਨਹੀਂ ਕਰ ਰਹੇ? ਸਾਨੂੰ ਲਗਾਤਾਰ ਆਪਣੇ ਆਪ ਨੂੰ ਯਾਦ ਕਰਾਉਣਾ ਚਾਹੀਦਾ ਹੈ ਕਿ ਇਹ "ਪਰਮੇਸ਼ੁਰ ਦਾ ਕੰਮ" ਹੈ, "ਸਾਡਾ ਕੰਮ" ਨਹੀਂ ਅਤੇ ਇਹ "ਪਰਮੇਸ਼ੁਰ ਦਾ ਰਾਜ" ਹੈ ਸਾਡਾ ਰਾਜ ਨਹੀਂ।

ਮੈਂ ਸੇਵਾ ਵਿੱਚ ਚੌਕਸ ਰਹਿਣ 'ਤੇ ਜ਼ੋਰ ਦਿੱਤਾ ਹੈ ਕਿਉਂਕਿ ਸਾਡੇ ਇਰਾਦੇ ਅਤੇ ਇੱਛਾਵਾਂ ਸਾਡੀ ਜ਼ਿੰਦਗੀ ਵਿੱਚ ਬਹੁਤ ਕੁਝ ਨਿਰਧਾਰਿਤ ਅਤੇ ਪ੍ਰਭਾਵਿਤ ਕਰਦੀਆਂ ਹਨ। ਇਸ ਤੋਂ ਵੱਧ ਪਰਮੇਸ਼ੁਰ ਸਾਡੇ ਬਾਹਰੀ ਰੂਪ ਨਾਲੋਂ ਕਿਤੇ ਵੱਧ ਅੰਦਰ ਨੂੰ ਦੇਖਦਾ ਹੈ। *"ਯਹੋਵਾਹ ਜੋ ਮਨੁੱਖ ਵਾਂਗ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ ਯਹੋਵਾਹ ਹਿਰਦੇ ਨੂੰ ਵੇਖਦਾ ਹੈ"* (1 ਸਮੂਏਲ 16:7ਅ)। ਪਰਮੇਸ਼ੁਰ ਅੰਦਰੋਂ ਸੱਚ ਚਾਹੁੰਦਾ ਹੈ (ਜ਼ਬੂਰ 51:6)। ਆਪਣੇ ਇਰਾਦਿਆਂ ਅਤੇ ਇੱਛਾਵਾਂ 'ਤੇ ਲਗਾਤਾਰ ਨਜ਼ਰ ਰੱਖੋ। ਜੇਕਰ ਉਹ ਠੀਕ ਨਹੀਂ ਹਨ, ਤਾਂ ਪ੍ਰਭੂ ਕੋਲ ਜਾਓ ਅਤੇ ਉਸਨੂੰ ਕਹੋ ਕਿ ਉਹ ਤੁਹਾਨੂੰ ਬਦਲ ਦੇਵੇ!

# 3
# ਸਾਡੇ ਵਿਚਾਰਾਂ, ਰਵੱਈਏ, ਸ਼ਬਦਾਂ ਅਤੇ ਵਿਹਾਰ ਵਿੱਚ ਬਦਲਾਵ

**ਰੋਮੀਆਂ 12:2ਅ**
**ਅਤੇ ਇਸ ਯੁੱਗ ਦੇ ਰੂਪ ਜਿਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ...**

**ਅਫ਼ਸੀਆਂ 4:23**
**ਅਤੇ ਆਪਣੇ ਮਨ ਦੇ ਸੁਭਾਓ** (ਵਿਹਾਰ) **ਵਿੱਚ ਨਵੇਂ ਬਣੋ।**

**1 ਤਿਮੋਥਿਉਸ 4:12**
**ਕੋਈ ਤੇਰੀ ਜੁਆਨੀ ਨੂੰ ਤੁੱਛ ਨਾ ਜਾਣੇ ਸਗੋਂ ਤੂੰ ਨਿਹਚਾਵਾਨਾਂ ਲਈ ਵਚਨ ਵਿੱਚ, ਚਾਲ ਚਲਣ ਵਿੱਚ, ਪ੍ਰੇਮ ਵਿੱਚ, ਨਿਹਚਾ ਵਿੱਚ, ਪਵਿੱਤਰਤਾਈ ਵਿੱਚ, ਨਮੂਨਾ ਬਣੀ।**

ਪਰਮੇਸ਼ੁਰ ਸਾਡੇ ਵਿਚਾਰਾਂ ਅਤੇ ਰਵੱਈਏ ਵਿੱਚ ਬਦਲਾਵ ਦੇਖਣਾ ਚਾਹੁੰਦਾ ਹੈ। *"ਹੋਰ ਰੂਪ ਵਿੱਚ ਬਦਲਦੇ ਜਾਓ"* (ਰੋਮੀਆਂ 12:2) ਇਸ ਗੱਲ ਨੂੰ ਪ੍ਰਗਟ ਕਰਨਾ ਹੈ ਕਿ ਸਾਡੇ ਰਵੱਈਏ, ਵਿਹਾਰ ਅਤੇ ਸੋਚਣ ਦੇ ਢੰਗ ਵਿੱਚ ਬਦਲਾਵ ਨੂੰ ਦਰਸਾਉਂਦਾ ਹੈ। ਇਸ ਦੀਆਂ ਕਈ ਦਿਸ਼ਾਵਾਂ ਹਨ। ਅਸੀਂ "ਸੰਸਾਰ ਦੇ ਵਿਚਾਰਾਂ" ਅਤੇ ਰਵੱਈਏ ਨੂੰ ਬਦਲਣਾ ਹੈ ਅਤੇ ਪਰਮੇਸ਼ੁਰ ਦੇ ਵਿਚਾਰਾਂ ਅਤੇ "ਸੰਸਾਰ" ਰਵੱਈਏ ਨੂੰ ਧਾਰਨ ਕਰਨਾ ਹੈ। ਸਾਨੂੰ ਨੀਚ ਸੋਚਣ ਦੀ ਬਜਾਏ ਪਰਮੇਸ਼ੁਰ ਦੇ ਵਚਨ ਅਤੇ ਵਿਸ਼ਵਾਸ ਦੇ ਪੱਧਰ ਤੋਂ ਸੋਚਣਾ ਚਾਹੀਦਾ ਹੈ। ਸਾਡੇ ਵਿੱਚੋਂ ਕੁਝ ਨਕਾਰਾਤਮਕ ਨਿਰਾਸ਼ਾਵਾਦੀ ਸੋਚ ਤੋਂ ਛੁਟਕਾਰਾ ਪਾਉਣ ਲਈ। "ਇਹ ਨਹੀਂ ਹੋ ਸਕਦਾ" ਇਸ ਬਿੰਦੂ 'ਤੇ ਆਉਣਾ ਚਾਹੀਦਾ ਹੈ ਕਿ ਅਸੀਂ ਹਰ ਇੱਕ ਵੱਡਾ ਮੌਕਾ ਲੈਂਦੇ ਹਾਂ ਕਿ ਪਰਮੇਸ਼ੁਰ ਵਿੱਚ ਸਧਾਰਨ ਵਿਸ਼ਵਾਸ ਦੁਆਰਾ ਸਭ ਕੁਝ ਸੰਭਵ ਹੈ। ਸਾਡੇ ਵਿੱਚੋਂ ਕੁਝ "ਪੁਰਾਣੇ ਰਾਹਾਂ" ਦੀ ਪਾਲਣਾ ਕਰਨ ਵਿੱਚ ਅਜਿਹੇ ਰੁੱਝੇ ਹੋਏ ਹਨ ਕਿ ਉਹ "ਨਵੇਂ ਤਰੀਕਿਆਂ" ਦੀ ਪਾਲਣਾ ਨਹੀਂ ਕਰਨਾ ਚਾਹੁੰਦੇ, ਜੋ ਪ੍ਰਭੂ ਆਪ ਕਰਨਾ ਚਾਹੁੰਦਾ ਹੈ। ਅਸੀਂ ਆਪਣੇ ਧਾਰਮਿਕ ਰੀਤੀ ਰਿਵਾਜ਼ਾਂ ਵਿੱਚ ਇੰਨੇ ਉਲਝੇ ਹੋਏ ਹਾਂ ਕਿ ਸਾਡੀ ਸੋਚ ਅਜਿਹੀ ਬਣ ਗਈ ਹੈ ਕਿ ਪਰਮੇਸ਼ੁਰ ਨੇ ਸਾਨੂੰ ਹੁਣ ਤੱਕ ਜੋ ਸਿਖਾਇਆ ਹੈ, ਉਸ ਤੋਂ ਬਿਨ੍ਹਾਂ ਅਸੀਂ ਕਿਸੇ ਹੋਰ ਤਰੀਕੇ ਨਾਲ ਕੰਮ ਨਹੀਂ ਕਰ ਸਕਦੇ।

ਦੂਜਿਆਂ ਦੇ ਬਹੁਤ ਛੋਟੇ ਸੁਪਨੇ ਹੁੰਦੇ ਹਨ, ਬਹੁਤ ਘੱਟ ਪ੍ਰੇਰਣਾ: ਦਰਸ਼ਨ ਧੁੰਦਲੇ ਹੁੰਦੇ ਹਨ ਅਤੇ ਉਹਨਾਂ ਨੂੰ ਇਹਨਾਂ ਖੇਤਰਾਂ ਵਿੱਚ ਬਦਲਾਵ ਦੀ ਲੋੜ ਹੁੰਦੀ ਹੈ। ਸਾਨੂੰ ਵੱਡੇ ਸੁਪਨੇ ਦੇਖਣੇ ਪੈਣਗੇ! ਪਰਮੇਸ਼ੁਰ ਲਈ ਹੋਰ ਕੁਝ-ਕਰਨ ਅਤੇ ਸਾਰੇ ਸੰਸਾਰ ਨੂੰ ਪ੍ਰਭਾਵਿਤ ਕਰਨ ਵਾਲੇ ਦਰਸ਼ਨਾਂ ਨੂੰ ਦੇਖਣ ਲਈ ਪ੍ਰੇਰਿਤ ਹੋਣ ਦੀ ਲੋੜ ਹੈ। ਸਾਡੇ ਵਿੱਚੋਂ ਕੁਝ ਅਸਫਲਤਾਵਾਂ, ਹਾਰਾਂ, ਨਿਰਾਸ਼ਾ ਜਾਂ ਨਾਸ਼-ਦੇ ਸਾਡੇ ਤਜ਼ਰਬਿਆਂ ਕਾਰਨ ਨਿਰਾਸ਼ ਹੋ ਗਏ ਹਨ। ਅਜਿਹਾ ਲੱਗਦਾ ਹੈ ਕਿ ਪ੍ਰੇਰਨਾ, ਤਰੱਕੀ ਅਤੇ ਵਿਕਾਸ ਲਈ ਹੁਣ ਕੋਈ ਇੱਛਾ ਨਹੀਂ ਬਚੀ ਹੈ। ਪਰਮੇਸ਼ੁਰ ਇਹ ਸਭ ਕੁਝ ਬਦਲ ਸਕਦਾ ਹੈ ਜੇਕਰ ਅਸੀਂ ਉਸ ਦਾ ਥੋੜਾ ਜਿਹਾ ਵੀ ਸਹਿਯੋਗ ਕਰਨ ਲਈ ਤਿਆਰ ਹਾਂ। ਕੁਝ ਸਿਰਫ਼ ਆਲਸੀ ਹੁੰਦੇ ਹਨ। ਉਨਾਂ ਦਾ ਸਾਰੇ ਕੰਮ ਵਿੱਚ ਦੁਚਿੱਤੀ ਵਾਲਾ ਰਵੱਈਆ ਹੁੰਦਾ ਹੈ। ਉਨਾਂ ਦਾ ਰਵੱਈਆ ਬਹੁਤ ਢਿੱਲਾ ਹੁੰਦਾ ਹੈ। ਸਾਨੂੰ ਆਪਣੇ ਵਿਹਾਰ ਵਿੱਚ ਵੱਡੇ ਬਦਲਾਵ ਦੀ ਲੋੜ ਹੈ। ਕੁਝ ਅਜਿਹੇ ਹਨ ਜਿਨ੍ਹਾਂ ਨੂੰ ਬਦਲਣ ਦੀ ਲੋੜ ਹੈ। ਕੁਝ ਲੋਕ ਸਿਰਫ "ਯੋਜਨਾਵਾਂ" ਬਣਾ ਕੇ "ਗੱਲਾਂ ਕਰਦੇ" ਰਹਿੰਦੇ ਹਨ ਪਰ ਕਦੇ ਵੀ "ਹਲ ਉੱਤੇ ਹੱਥ" ਨਹੀਂ ਰੱਖਦੇ। ਅਜਿਹੇ ਵਿੱਚ ਵੀ ਬਦਲਾਅ ਦੀ ਲੋੜ ਹੈ। ਕੁਝ ਡਰ, ਹੰਕਾਰ, ਕੁੜੱਤਣ ਜਾਂ ਚਰਿੱਤਰ ਦੀਆਂ ਸਮੱਸਿਆਵਾਂ ਤੋਂ ਪੀੜਿਤ ਹਨ ਜੋ ਪਰਮੇਸ਼ੁਰ ਨੂੰ ਪਸੰਦ ਨਹੀਂ ਹਨ ਅਤੇ ਉਹ ਉਨ੍ਹਾਂ ਵਿੱਚ ਬਦਲਾਵ ਦੇਖਣਾ ਚਾਹੁੰਦਾ ਹੈ। ਪਰਮੇਸ਼ੁਰ ਸਾਨੂੰ ਸਾਡੇ ਸ਼ਬਦਾਂ ਅਤੇ ਵਿਹਾਰ ਵਿੱਚ ਉੱਚੇ ਪੱਧਰ 'ਤੇ ਲੈ ਜਾਣਾ ਚਾਹੁੰਦਾ ਹੈ। ਸਾਡੀ ਗੱਲਬਾਤ ਅਤੇ ਵਿਹਾਰ ਇੱਕ ਵਿਸ਼ਵਾਸੀ ਵਰਗਾ ਹੋਣਾ ਚਾਹੀਦਾ ਹੈ।

ਸਾਡੇ ਨਿੱਜੀ ਜੀਵਨ ਵਿੱਚ, ਜਦੋਂ ਅਸੀਂ ਆਪਣੇ ਰਵੱਈਏ ਅਤੇ ਵਿਚਾਰਾਂ ਤੋਂ ਜਾਣੂ ਹੋ ਜਾਂਦੇ ਹਾਂ ਜੋ ਸਹੀ ਨਹੀਂ ਹਨ, ਸਾਨੂੰ ਪਰਮੇਸ਼ੁਰ ਕੋਲ ਜਾਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਕਬੂਲ ਕਰਕੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਹ ਸਾਨੂੰ ਬਦਲੇ। ਪ੍ਰਭੂ ਦੇ ਨਾਲ ਚੱਲਣ ਦੇ ਕਈ ਸਾਲਾਂ ਬਾਅਦ ਵੀ, ਅਸੀਂ ਅਜੇ ਵੀ ਆਪਣੀਆਂ ਜ਼ਿੰਦਗੀਆਂ ਵਿੱਚ ਬਹੁਤ ਸਾਰੇ ਖੇਤਰ ਲੱਭ ਸਕਾਂਗੇ ਜਿਨ੍ਹਾਂ ਨੂੰ ਬਦਲਣ ਦੀ ਲੋੜ ਹੈ। ਕੀ ਤੁਸੀਂ ਆਪਣੇ ਜੀਵਨ ਵਿੱਚ ਉਨ੍ਹਾਂ ਰਵੱਈਏ ਅਤੇ ਵਿਚਾਰਾਂ ਨੂੰ ਪਛਾਣਦੇ ਹੋ ਜੋ ਤੁਸੀਂ ਪਰਮੇਸ਼ੁਰ ਅੱਗੇ ਲਿਆਓਗੇ ਅਤੇ ਕਹੋਗੇ, "ਪ੍ਰਭੂ, ਮੈਂ ਆਪਣੇ ਜੀਵਨ ਵਿੱਚ ਇਹ ਬਦਲਾਵ ਚਾਹੁੰਦਾ ਹਾਂ?"

# 4
# ਅਚਾਨਕ ਬਦਲਾਵ ਲਈ ਖੁੱਲ੍ਹ

**ਯੂਹੰਨਾ 3:8**
**ਪੌਣ ਜਿੱਧਰ ਚਾਹੁੰਦੀ ਹੈ ਵਗਦੀ ਹੈ ਅਤੇ ਤੂੰ ਉਹ ਦੀ ਅਵਾਜ਼ ਸੁਣਦਾ ਹੈਂ ਪਰ ਇਹ ਨਹੀਂ ਜਾਣਦਾ ਜੋ ਉਹ ਕਿੱਧਰੋਂ ਆਈ ਅਤੇ ਕਿੱਧਰ ਨੂੰ ਜਾਂਦੀ ਹੈ। ਹਰ ਕੋਈ ਜੋ ਆਤਮਾ ਤੋਂ ਜੰਮਿਆ ਸੋ ਇਹੋ ਜਿਹਾ ਹੈ।**

ਆਤਮਾ ਤੋਂ ਪੈਦਾ ਹੋਣ ਨਾਲ ਸਾਨੂੰ ਅਜਿਹਾ ਜੀਵਨ ਮਿਲਦਾ ਹੈ ਜਿਸਦੀ ਪੂਰੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਕੁਝ ਗੱਲਾਂ ਦੇ ਸਾਨੂੰ ਅਧੀਨ ਹੋ ਕੇ ਸਿਰਫ਼ ਅਨੁਭਵ ਕਰਨਾ ਹੁੰਦਾ ਹੈ। ਪ੍ਰਭੂ ਯਿਸੂ ਨੇ ਨਵੇਂ ਜਨਮ ਦੇ ਅਨੁਭਵ ਦੀ ਤੁਲਨਾ ਹਵਾ ਨਾਲ ਕੀਤੀ ਜੋ ਕਿ ਜਿੱਥੇ ਚਾਹੇ ਵਗਦੀ ਹੈ। ਅਸੀਂ ਸਿਰਫ ਇਸਦਾ ਅਨੁਭਵ ਕਰਦੇ ਹਾਂ। ਸਾਨੂੰ ਇਸ ਦੀ ਮੂਲ ਅਤੇ ਆਖ਼ਰੀ ਮੰਜ਼ਿਲ ਨਹੀਂ ਪਤਾ ਹੁੰਦੀ। ਇਸੇ ਤਰ੍ਹਾਂ, ਆਤਮਾ ਦੇ ਕੰਮ ਦੀ ਪੂਰੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਅਸੀਂ ਸਿਰਫ਼ ਅਨੁਭਵ ਕਰਦੇ ਹਾਂ ਅਤੇ ਜਾਣਦੇ ਹਾਂ ਕਿ ਉਸ ਨੇ ਕੁਝ ਕੀਤਾ ਹੈ। ਪਰਮੇਸ਼ੁਰ ਕਈ ਵਾਰ ਸਾਡੇ ਜੀਵਨ ਵਿੱਚ ਕਈ ਘਟਨਾਵਾਂ ਅਤੇ ਹਾਲਾਤ ਨੂੰ ਆਉਣ ਦਿੰਦਾ ਹੈ ਜੋ ਸਾਡੇ ਲਈ ਪੂਰੀ ਤਰ੍ਹਾਂ ਅਣਕਿਆਸੇ ਹੁੰਦੀਆਂ ਹਨ। ਅਸੀਂ ਪਹਿਲਾਂ ਤੋਂ ਨਹੀਂ ਜਾਣਦੇ ਕਿ ਸਾਨੂੰ ਉਨ੍ਹਾਂ ਦਾ ਸਾਹਮਣਾ ਕਰਨਾ ਪਵੇਗਾ। ਉਹ ਸਾਡੀ ਯੋਜਨਾ ਦਾ ਹਿੱਸਾ ਨਹੀਂ ਸਨ। ਫਿਰ ਵੀ ਪ੍ਰਭੂ ਦੇ ਅਧੀਨ ਹੋਣਾ ਅਤੇ "ਜਿੱਥੇ ਹਵਾ ਸਾਨੂੰ ਲੈ ਜਾਂਦੀ ਹੈ ਉੱਥੇ ਜਾਣਾ" ਅਕਲਮੰਦੀ ਦੀ ਗੱਲ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਉਨ੍ਹਾਂ ਅਣਕਿਆਸੇ ਬਦਲਾਵਾਂ ਲਈ ਖੁੱਲ੍ਹੇ ਰਹਿਣਾ ਸਿੱਖੀਏ ਜੋ ਪ੍ਰਭੂ ਸਾਡੇ ਜੀਵਨ ਵਿੱਚ ਲਿਆਉਂਦਾ ਹੈ। ਉਹ ਸਾਡੀ ਜ਼ਿੰਦਗੀ ਵਿੱਚ ਨਵੇਂ ਮੋੜ ਲਿਆ ਸਕਦੇ ਹਨ।

## ਸਾਡੀ ਸੇਵਾ ਵਿੱਚ ਬਦਲਾਵ

ਐਮੀ (ਮੇਰੀ ਪਤਨੀ) ਅਤੇ ਮੈਂ ਦੋਵੇਂ ਹੀ ਬਹੁਤ ਸਾਰੀਆਂ ਉਦਾਹਰਣਾਂ ਨੂੰ ਬਿਆਨ ਕਰ ਸਕਦੇ ਹਾਂ ਕਿ ਕਿਵੇਂ ਪਰਮੇਸ਼ੁਰ ਨੇ ਅਚਾਨਕ ਤਬਦੀਲੀਆਂ ਦੀ ਵਰਤੋਂ ਕੀਤੀ ਜੋ ਉਸ ਨੇ ਸਾਡੇ ਲਈ ਰੱਖੀਆਂ ਸਨ। ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਬਰੰਸਵਿਕ ਨਾਮਕ ਜਗ੍ਹਾ ਜੋ ਕਿ ਨਵੀਂ ਨਿਊ ਜਰਸੀ ਵਿੱਚ ਹੈ, ਰੁਕਣਗੇ ਜਿੱਥੇ ਮੈਂ ਰਹਿੰਦਾ ਸੀ। 1995 ਦੇ ਆਸ ਪਾਸ, ਮੇਰੇ ਪਿਤਾ ਜੀ ਅਮਰੀਕਾ ਦੀ

ਵਪਾਰਕ ਯਾਤਰਾ ‘ਤੇ ਗਏ ਹੋਏ ਸਨ, ਉਨ੍ਹਾਂ ਨੇ ਇੱਕ ਰਾਤ ਲਈ ਰੁਕਣ ਦਾ ਫੈਸਲਾ ਕੀਤਾ ਅਤੇ ਨਿਊ ਜਰਸੀ ਵਿੱਚ ਸਥਿਤ ਨਿਊ ਬਰੰਸਵਿਕ ਵਿਖੇ ਮੈਨੂੰ ਮਿਲਣ ਦਾ ਫੈਸਲਾ ਕੀਤਾ, ਜਿੱਥੇ ਮੈਂ ਰਹਿੰਦਾ ਸੀ। ਉਹ ਸ਼ਨੀਵਾਰ ਨੂੰ ਆਏ ਸੀ ਅਤੇ ਅਗਲੀ ਸ਼ਾਮ ਨੂੰ ਉਨ੍ਹਾਂ ਨੇ ਜਾਣਾ ਸੀ।

ਮੇਰੇ ਪਿਤਾ ਜੀ ਹਮੇਸ਼ਾਂ ਇੱਕ ਅਫਰੀਕਨ ਅਮਰੀਕਨ ਕਲੀਸਿਆ ਵਿੱਚ ਜਾਣਾ ਚਾਹੁੰਦੇ ਸਨ ਕਿਉਂਕਿ ਉਹ ਉਨ੍ਹਾਂ ਦੇ ਗਾਉਣ ਅਤੇ ਅਰਾਧਨਾ ਦੀ ਸ਼ੈਲੀ ਦਾ ਅਨੁਭਵ ਕਰਨਾ ਚਾਹੁੰਦੇ ਸਨ। ਨੇੜੇ ਹੀ ਇੱਕ ਅਫਰੀਕਨ ਅਮਰੀਕਨ ਕਲੀਸਿਆ ਸੀ ਅਤੇ ਇਸ ਲਈ ਅਸੀਂ ਐਤਵਾਰ ਸਵੇਰੇ ਉੱਥੇ ਰੁਕ ਗਏ। ਮੈਂ ਇਸ ਤਰ੍ਹਾਂ ਦੀ ਜੀਉਂਦੀ, ਸੁਭਾਵਿਕ ਗਾਇਕੀ ਪਹਿਲਾਂ ਕਦੇ ਅਨੁਭਵ ਨਹੀਂ ਕੀਤੀ ਸੀ। ਇਹ ਬਹੁਤ ਉੱਚੇ, ਲੱਗਭੱਗ ਬੋਲ਼ ਸੀ ਅਤੇ ਅਜਿਹਾ ਲੱਗਦਾ ਸੀ ਕਿ ਇਮਾਰਤ ਹੇਠਾਂ ਆ ਜਾਵੇਗੀ! ਘੱਟੋ ਘੱਟ ਇਹ ਮੇਰੇ ਲਈ ਇਸ ਤਰ੍ਹਾਂ ਪ੍ਰਗਟ ਹੋਇਆ! ਉਸ ਸਮੇਂ ਤੱਕ, ਮੈਂ ਯੂਨੀਵਰਸਿਟੀ ਵਿੱਚ ਕੋਰੀਅਨ ਅਮਰੀਕੀ ਭੈਣਾਂ-ਭਰਾਵਾਂ ਨਾਲ ਕੰਮ ਕਰਦਾ ਰਿਹਾ ਸੀ ਅਤੇ ਉਨ੍ਹਾਂ ਨਾਲ ਨਜ਼ਦੀਕੀ ਸੰਗਤੀ ਕੀਤੀ ਸੀ। ਅਸੀਂ ਪ੍ਰਸ਼ੰਸਾ ਵਿੱਚ ਅਜ਼ਾਦੀ ਦਾ ਆਨੰਦ ਮਾਣਿਆ, ਫਿਰ ਵੀ, ਅਜਿਹਾ ਕੁਝ ਵੀ ਨਹੀਂ ਸੀ ਜੋ ਮੈਂ ਉੱਥੇ ਦੇਖਿਆ ਸੀ। ਉਦੋਂ ਮੇਰੇ ਦਿਮਾਗ਼ ਵਿੱਚ ਹਜ਼ਾਰਾਂ ਖ਼ਿਆਲ ਆਏ। ਮੈਂ ਆਪਣੇ ਅੰਦਰ ਡੂੰਘਾਈ ਨਾਲ ਜਾਣਦਾ ਸੀ ਕਿ ਅਰਾਧਨਾ ਵਿੱਚ ਅਜਿਹੀ ਅਜ਼ਾਦੀ ਸਹੀ ਸੀ। ਮੈਂ ਹਮੇਸ਼ਾਂ ਪ੍ਰਭੂ ਦੀ ਉਸਤਤ ਅਤੇ ਅਰਾਧਨਾ ਕਰਨ ਲਈ ਸੁਤੰਤਰ ਹੋਣਾ ਚਾਹੁੰਦਾ ਸੀ। ਪਰ ਇਸ ਅਫਰੀਕਨ ਅਮਰੀਕਨ ਚਰਚ ਵਿੱਚ ਜੋ ਕੁਝ ਹੋ ਰਿਹਾ ਸੀ, ਉਸ ਦੀ ਤੁਲਨਾ ਵਿੱਚ, ਮੈਨੂੰ ਇੱਟਾਂ ਦੀ ਕੰਧ ਨਾਲੋਂ ਸਖ਼ਤ ਲੱਗ ਰਿਹਾ ਸੀ। ਉਸ ਦਿਨ ਬਾਅਦ ਵਿੱਚ ਜਦੋਂ ਮੈਂ ਇਕੱਲਾ ਸੀ, ਮੈਂ ਬਹੁਤ ਉਲਝਣ ਵਿੱਚ ਸੀ। ਮੇਰੇ ਵਿੱਚੋਂ ਇੱਕ ਹਿੱਸੇ ਨੇ ਕਿਹਾ, “ਪ੍ਰਭੂ ਮੈਂ ਉੱਥੇ ਵਾਪਿਸ ਨਹੀਂ ਜਾਣਾ ਚਾਹੁੰਦਾ। ਮੈਂ ਉਨ੍ਹਾਂ ਵਰਗਾ ਕਦੇ ਨਹੀਂ ਬਣ ਸਕਦਾ ਅਤੇ ਮੈਂ ਅਵਾਜ਼ ਨੂੰ ਬਰਦਾਸ਼ਤ ਨਹੀਂ ਕਰ ਸਕਦਾ।” ਮੇਰੇ ਇੱਕ ਹੋਰ ਹਿੱਸੇ ਨੇ ਕਿਹਾ, “ਪ੍ਰਭੂ ਮੈਂ ਸੱਚਮੁੱਚ ਚਾਹੁੰਦਾ ਹਾਂ ਕਿ ਉਨ੍ਹਾਂ ਕੋਲ-ਤੁਹਾਡੀ ਅਰਾਧਨਾ ਕਰਨ ਲਈ ਇਸ ਕਿਸਮ ਦੀ ਅਜ਼ਾਦੀ ਹੈ।” ਖ਼ੈਰ, ਸੰਖੇਪ ਵਿੱਚ, ਮੈਂ ਉੱਥੇ ਵਾਪਿਸ ਗਿਆ ਅਤੇ ਜਦੋਂ ਐਮੀ ਮੇਰੇ ਨਾਲ ਜੁੜ ਗਈ, ਅਸੀਂ ਇਕੱਠੇ ਵਾਪਿਸ ਚਲੇ ਗਏ। ਥੋੜ੍ਹੇ ਸਮੇਂ ਦੇ ਅੰਦਰ। ਮੈਨੂੰ ਉਸ ਕਲੀਸਿਆ ਵਿੱਚ ਸੇਵਾ ਕਰਨ ਦੇ ਮੌਕੇ ਦਿੱਤੇ ਗਏ ਸਨ ਅਤੇ ਅਸੀਂ ਹਰ ਬੁੱਧਵਾਰ ਰਾਤ ਨੂੰ ਅਜਿਹਾ ਕੀਤਾ। ਅਸੀਂ ਉੱਥੇ ਅਜਿਹੇ ਸ਼ਾਨਦਾਰ ਅਫ਼ਰੀਕਨ ਅਮਰੀਕਨ ਭੈਣਾਂ-ਭਰਾਵਾਂ ਨੂੰ ਮਿਲ ਸਕੇ। ਅਸੀਂ ਸਪੈਨਿਸ਼-ਬੋਲਣ ਵਾਲੇ ਜੋੜੇ ਇੰਮਾਨੂਏਲ ਅਤੇ ਤਾਨੀਆ ਨੂੰ ਵੀ ਮਿਲੇ ਜੋ ਮੈਨੂੰ ਮਿਲਣ ਆਏ ਹੋਏ ਸਨ। ਬਾਅਦ ਵਿੱਚ, ਸਾਨੂੰ ਹਿਸਪੈਨਿਕ ਕਲੀਸਿਆ ਵਿੱਚ ਸੇਵਾ ਕਰਨ ਲਈ ਬੁਲਾਇਆ ਗਿਆ, ਜਿਸ ਨੂੰ ਉਹ ਲਗਾ ਰਹੇ ਸਨ। ਜਲਦੀ

ਹੀ ਬਾਅਦ, ਅਸੀਂ ਹਿਸਪੈਨਿਕ ਕਲੀਸਿਆ ਦੇ ਜੀਵਨ ਵਿੱਚ ਬਹੁਤ ਕੁਝ ਸਾਂਝਾ ਕਰਨਾ ਸ਼ੁਰੂ ਕਰ ਦਿੱਤਾ। ਇੰਮਾਨੂਏਲ ਅਤੇ ਤਾਨੀਆ ਨੇ ਵਚਨ ਦਾ ਅਧਿਐਨ ਕਰਨ ਲਈ ਹਫ਼ਤਾਵਾਰੀ ਅਧਾਰ 'ਤੇ ਸਾਡੇ ਨਾਲ ਸਮਾਂ ਬਿਤਾਇਆ। ਐਮੀ ਨੇ ਹਿਸਪੈਨਿਕ ਕਲੀਸਿਆ ਵਿੱਚ ਸੰਗੀਤ ਸੇਵਕਾਈ ਵਿੱਚ ਮਦਦ ਕੀਤੀ ਅਤੇ ਉਨ੍ਹਾਂ ਦੀ ਮਦਦ ਨਾਲ, ਅਸੀਂ ਨਵੰਬਰ 1996 ਵਿੱਚ ਸੇਵਕਾਈ ਦੇ ਸਮੇਂ ਲਈ ਇਕਵਾਡੋਰ ਲਈ ਆਪਣਾ ਰਾਹ ਬਣਾਇਆ!

ਨਿਊ ਬਰੰਸਵਿਕ ਵਿੱਚ ਮੇਰੇ ਪਿਤਾ ਦੇ ਇੱਕ ਰਾਤ ਦੀ ਠਹਿਰ ਇੱਕ ਕੜੀ ਪ੍ਰਤੀਕ੍ਰਿਆ ਦੇ ਰੂਪ ਵਿੱਚ ਆਈ ਸਭ ਨੂੰ ਦੇਖੋ!! ਅਚਾਨਕ? ਯਕੀਨਨ!! ਕੀ ਅਸੀਂ ਇਸ ਦੀ ਯੋਜਨਾ ਬਣਾਈ ਸੀ? ਯਕੀਨਨ ਨਹੀਂ!! ਅਸੀਂ ਹੁਣੇ ਹੀ ਉੱਥੇ ਜਾਣਾ ਸਿੱਖਿਆ ਜਿੱਥੇ ਆਤਮਾ ਦੀ ਹਵਾ ਵਗ ਰਹੀ ਸੀ। ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਅਸੀਂ ਅਫ਼ਰੀਕਨ ਅਮਰੀਕਨ ਜਾਂ ਹਿਸਪੈਨਿਕ ਭਾਈਚਾਰਿਆਂ ਦੀ ਸੇਵਾ ਕਰਾਂਗੇ। ਜਿੱਥੇ ਵੀ ਉਹ ਫੂਕਣਾ ਚਾਹੇਗਾ, ਅਸੀਂ ਜਾਵਾਂਗੇ!! ਉਹਨਾਂ ਅਚਾਨਕ ਤਬਦੀਲੀਆਂ ਲਈ ਤਿਆਰ ਅਤੇ ਖੁੱਲ੍ਹੇ ਰਹੋ ਜੋ ਪਰਮੇਸ਼ੁਰ ਤੁਹਾਡੇ ਜੀਵਨ ਵਿੱਚ ਲਿਆਉਣਾ ਚਾਹੁੰਦਾ ਹੈ।

# 5

# ਵਿਕਾਸ ਅਤੇ ਤਰੱਕੀ ਲਈ-ਬਦਲਾਵ ਜ਼ਰੂਰੀ ਹੈ

**ਯੂਹੰਨਾ 12:24**

**ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ ਮਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ ਹੈ।**

ਅਸੀਂ ਇੱਕ ਮਹਿਮਾ ਤੋਂ ਦੂਸਰੀ ਮਹਿਮਾ ਵਿੱਚ "ਬਦਲਦੇ" ਜਾਂਦੇ ਹਾਂ। ਇਸ ਲਈ ਜਿਸ ਮਹਿਮਾ ਦਾ ਅਸੀਂ ਅੱਜ ਅਨੁਭਵ ਕਰਦੇ ਹਾਂ ਉਸ ਤੋਂ ਅਗਲੀ ਮਹਿਮਾ ਵੱਲ ਵੱਧਣ ਲਈ, ਸਾਨੂੰ ਪਹਿਲਾਂ ਬਦਲਣਾ ਚਾਹੀਦਾ ਹੈ। ਉਹ ਚੀਜ਼ਾਂ ਜੋ ਸਾਨੂੰ ਤਰੱਕੀ ਕਰਨ ਤੋਂ ਰੋਕਦੀਆਂ ਹਨ-ਭਾਵੇਂ ਇਹ ਸਾਡੀ ਨੀਅਤ, ਵਿਹਾਰ, ਰਵੱਈਏ ਜਾਂ ਗੱਲਬਾਤ ਹੋਵੇ-ਉਹਨਾਂ ਨੂੰ ਬਦਲਣ ਦੀ ਲੋੜ ਹੈ। ਸਾਨੂੰ ਖੜ੍ਹੇ ਹੋਣਾ ਚਾਹੀਦਾ ਹੈ ਅਤੇ ਕਬੂਲ ਕਰਨਾ ਹੋਵੇਗਾ ਕਿ ਉਹ ਕੀ ਹਨ ਅਤੇ ਪਰਮੇਸ਼ੁਰ ਦੀ ਮਦਦ ਨਾਲ, ਉਹਨਾਂ ਨੂੰ ਬਦਲਣਾ ਹੈ। ਅਸੀਂ ਵਿਚਾਰ ਕਰ ਸਕਦੇ ਹਾਂ ਕਿ ਤੁਸੀਂ ਅਤੇ ਮੈਂ ਕਿੱਥੇ ਹਾਂ *"ਕਣਕ ਦੇ ਇਕੱਲੇ ਦਾਣੇ।"* ਜੇ ਅਸੀਂ ਅੱਜ ਜਿੱਥੇ ਹਾਂ ਉੱਥੋਂ ਅਜਿਹੀ ਥਾਂ ਤੱਕ ਵਧਣਾ ਚਾਹੁੰਦੇ ਹਾਂ ਜਿੱਥੇ ਅਸੀਂ *"ਬਹੁਤ ਫਲ" ਦੇ ਸਕਦੇ ਹਾਂ, ਤਾਂ ਸਾਨੂੰ ਪਹਿਲਾਂ "ਜ਼ਮੀਨ 'ਤੇ ਡਿੱਗਣਾ ਚਾਹੀਦਾ ਹੈ," "ਮਰਨਾ"* ਅਤੇ ਫਿਰ *"ਬਹੁਤ ਫਲ ਦੇਣਾ"* ਚਾਹੀਦਾ ਹੈ। ਇਹ ਸਾਡੇ ਜੀਵਨ ਵਿੱਚ ਬਦਲਾਵ ਨੂੰ ਦਰਸਾਉਂਦਾ ਹੈ। ਪਹਿਲਾਂ ਸਾਨੂੰ ਜ਼ਮੀਨ 'ਤੇ ਡਿੱਗਣਾ ਪਵੇਗਾ ਅਤੇ ਇਸ ਲਈ ਨਿਮਰਤਾ ਦੀ ਲੋੜ ਹੋਵੇਗੀ।ਇਸ ਤੱਥ ਨੂੰ ਕਬੂਲ ਕਰਨ ਲਈ ਨਿਮਰਤਾ ਦੀ ਲੋੜ ਹੁੰਦੀ ਹੈ ਕਿ ਤੁਹਾਨੂੰ ਬਦਲਣ ਦੀ ਜ਼ਰੂਰਤ ਹੈ। ਅਸੀਂ ਆਪਣੇ ਆਪ ਨੂੰ ਮਾਰਨਾ ਹੈ। ਕਈ ਵਾਰ ਇਹ ਇੱਕ ਦਰਦਨਾਕ ਪ੍ਰਕਿਰਿਆ ਵੀ ਹੋ ਸਕਦੀ ਹੈ। ਫਿਰ ਅਸੀਂ ਮਹਿਮਾ ਦੇ ਇੱਕ ਵੱਖਰੇ ਪੜਾਅ 'ਤੇ ਜਾਵਾਂਗੇ, ਇਸ ਤਰ੍ਹਾਂ ਅਸੀਂ ਤਰੱਕੀ ਅਤੇ ਵਿਕਾਸ ਦਾ ਅਨੁਭਵ ਕਰਾਂਗੇ। ਉਹ ਚੀਜ਼ਾਂ ਜੋ ਸਾਨੂੰ ਤਰੱਕੀ ਤੋਂ ਰੋਕਦੀਆਂ ਹਨ ਭਾਵੇਂ ਸਾਡੇ ਇਰਾਦੇ ਕੁਝ ਵੀ ਹੋਣ। ਵਿਹਾਰ ਹੋਵੇ, ਆਚਰਣ ਹੋਵੇ ਜਾਂ ਗੱਲਬਾਤ, ਉਨ੍ਹਾਂ ਨੂੰ ਬਦਲਣ ਦੀ ਲੋੜ ਹੈ।

# 6
# ਬਦਲਾਵ ਦੀ ਆਤਮਾ

**ਉਤਪਤ 1:1–3**
**1 ਆਦ ਵਿੱਚ ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ।**
**2 ਧਰਤੀ ਬੇਡੌਲ ਤੇ ਸੁੰਞੀ ਸੀ ਅਤੇ ਡੂੰਘਿਆਈ ਉੱਤੇ ਅਨ੍ਹੇਰਾ ਸੀ ਅਤੇ ਪਰਮੇਸ਼ੁਰ ਦਾ ਆਤਮਾ ਪਾਣੀਆਂ ਦੇ ਉੱਤੇ ਸੇਉਂਦਾ ਸੀ।**
**3 ਪਰਮੇਸ਼ੁਰ ਨੇ ਆਖਿਆ, ਕਿ "ਚਾਨਣ ਹੋਵੇ" ਤਾਂ ਚਾਨਣ ਹੋ ਗਿਆ।**

ਪਰਮੇਸ਼ੁਰ ਦੀ ਆਤਮਾ ਸਾਨੂੰ ਇੱਕ ਮਹਿਮਾ ਤੋਂ ਦੂਜੀ ਵਿੱਚ ਬਦਲਦੀ ਹੈ। ਪਵਿੱਤਰ ਆਤਮਾ ਬਦਲਾਵ ਦੀ ਆਤਮਾ ਹੈ। ਧਰਤੀ ਬੇਡੌਲ, ਖਾਲੀ ਅਤੇ ਹਨੇਰੇ ਨਾਲ ਭਰੀ ਹੋਈ ਸੀ। ਫਿਰ ਵੀ, ਪਰਮੇਸ਼ੁਰ ਦਾ ਆਤਮਾ ਪਾਣੀ ਉੱਤੇ ਸੇਉਂਦਾ ਸੀ। ਪਰਮੇਸ਼ੁਰ ਨੇ ਸ਼ਬਦ ਬੋਲਿਆ, "ਚਾਨਣ ਹੋਵੇ" (ਉਤਪਤ 1:3) ਅਤੇ ਪਰਮੇਸ਼ੁਰ ਦੀ ਸ਼ਕਤੀਮਾਨ ਆਤਮਾ ਨੇ ਹਨੇਰੇ ਦੇ ਵਿਚਕਾਰ ਚਾਨਣ ਲਿਆਂਦਾ। ਇਹ ਮਹੱਤਵਪੂਰਨ ਹੈ ਕਿ ਪਰਮੇਸ਼ੁਰ ਦੀ ਆਤਮਾ ਇਸ ਨਿਰਾਕਾਰ, ਹਨੇਰੀ ਅਤੇ ਖਾਲੀ ਧਰਤੀ ਉੱਤੇ ਉਸ ਸਮੇਂ ਘੁੰਮ ਰਹੀ ਸੀ ਜਦੋਂ ਪਰਮੇਸ਼ੁਰ ਉਨ੍ਹਾਂ ਰਚਨਾਤਮਕ ਅਤੇ ਪੁਨਰ ਸਥਾਪਨਾ ਵਾਲੇ ਸ਼ਬਦਾਂ ਨੂੰ ਬੋਲਣ ਲਈ ਤਿਆਰ ਸੀ। ਸਾਨੂੰ ਯਕੀਨ ਹੈ ਕਿ ਪਵਿੱਤਰ ਆਤਮਾ ਬਦਲਾਵ ਦਾ ਆਤਮਾ ਹੈ। ਇੱਕ ਉਹੀ ਹੈ ਜੋ ਬਦਲਾਵ ਅਤੇ ਪਰਿਵਰਤਨ ਲਿਆਉਂਦਾ ਹੈ। ਉਸਨੇ ਇਹ ਬਹੁਤ ਵੱਡੇ ਪੱਧਰ 'ਤੇ ਕੀਤਾ ਜਦੋਂ ਧਰਤੀ ਨੂੰ ਬਹਾਲ ਕੀਤਾ ਗਿਆ ਸੀ (ਉਤਪਤ 1)। ਫਿਰ, ਅਸੀਂ ਕਿੰਨੀ ਹੋਰ ਆਸ ਕਰ ਸਕਦੇ ਹਾਂ ਕਿ ਉਹ ਸਾਡੀਆਂ ਜ਼ਿੰਦਗੀਆਂ ਵਿੱਚ ਕੰਮ ਕਰੇਗਾ ਅਤੇ ਅਸੀਂ ਪਰਮੇਸ਼ੁਰ ਦੇ ਚੰਗੇ ਕੰਮਾਂ ਵਿੱਚ ਆਪਣੀਆਂ ਅੱਖਾਂ ਨੂੰ ਬਦਲਦੇ ਹੋਏ ਉਸ ਦੀ ਮਹਿਮਾ ਵਿੱਚ ਆਪਣੇ ਜੀਵਨਾਂ ਨੂੰ ਬਦਲ ਸਕਦੇ ਹਾਂ। ਉਸ ਦੇ ਅਧੀਨ ਹੋਵੋ। ਆਪਣੇ ਦਿਲ ਨੂੰ ਪਵਿੱਤਰ ਆਤਮਾ ਲਈ ਖੋਲ੍ਹੋ। ਆਪਣੇ ਆਪ ਨੂੰ ਉਸ ਦੇ ਸਾਹਮਣੇ ਰੱਖੋ ਅਤੇ ਉਸ ਨੂੰ ਤੁਹਾਨੂੰ ਬਦਲਣ ਲਈ ਕਹੋ। ਉਸ ਨੂੰ ਆਪਣੇ ਜੀਵਨ ਦੇ ਉਹਨਾਂ ਖੇਤਰਾਂ ਵਿੱਚ ਤੁਹਾਡੀ ਮਦਦ ਕਰਨ ਲਈ ਕਹੋ ਜਿੱਥੇ ਤੁਹਾਨੂੰ ਬਦਲਾਵ ਦੀ ਲੋੜ ਹੈ।

## ਪਰਮੇਸ਼ੁਰ ਦਾ ਵਚਨ ਬਦਲਾਵ ਲਿਆਉਂਦਾ ਹੈ

ਪਰਮੇਸ਼ੁਰ ਦੇ ਸਰਿਸ਼ਟੀਕਰਤਾ ਅਤੇ ਪੁਨਰ-ਸਥਾਪਨਾ ਦੇ ਕੰਮ ਵਿੱਚ ਨਾ ਸਿਰਫ਼

ਪਵਿੱਤਰ ਆਤਮਾ ਧਰਤੀ ਉੱਤੇ ਘੁੰਮਦਾ ਸੀ, ਪਰ ਪਰਮੇਸ਼ੁਰ ਦਾ ਵਚਨ ਇੱਕ ਵਿਰਾਨ ਅਤੇ ਹਨੇਰੀ ਧਰਤੀ ਉੱਤੇ ਵੀ ਬੋਲਿਆ ਗਿਆ ਸੀ (ਉਤਪਤ 1)। ਇਸ ਤਰ੍ਹਾਂ, ਆਤਮਾ ਅਤੇ ਵਚਨ ਸਾਡੇ ਜੀਵਨ ਵਿੱਚ ਬਦਲਾਵ ਲਿਆਉਂਦੇ ਹਨ। ਆਪਣੇ ਦਿਲ ਅਤੇ ਦਿਮਾਗ਼ ਨੂੰ ਪਰਮੇਸ਼ੁਰ ਦੇ ਵਚਨ ਲਈ ਖੋਲ੍ਹੋ। ਇਸ ਨੂੰ ਆਪਣੇ ਆਪ ਪੜ੍ਹੋ ਅਤੇ ਇਸ ‘ਤੇ ਮਨਨ ਕਰੋ ਅਤੇ ਪਰਮੇਸ਼ੁਰ ਦਾ ਵਚਨ ਤੁਹਾਡੇ ਜੀਵਨ ਵਿੱਚ ਇੱਕ ਫਰਕ ਲਿਆਉਣ ਲਈ ਸ਼ਕਤੀ ਦੀ ਵਰਤੋਂ ਕਰਨਾ ਸ਼ੁਰੂ ਕਰ ਦੇਵੇਗਾ।

# ਇੱਕ ਪ੍ਰਾਰਥਨਾ

ਹੇ ਪ੍ਰਭੂ, ਮੈਨੂੰ ਬਦਲੋ!

*ਪਿਆਰੇ ਪਿਤਾ,*

*ਮੈਂ ਯਿਸੂ ਦੇ ਨਾਮ ਵਿੱਚ ਤੁਹਾਡੇ ਸਾਹਮਣੇ ਆਇਆ ਹਾਂ। ਪ੍ਰਭੂ, ਮੇਰੀ ਜ਼ਿੰਦਗੀ ਵਿੱਚ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ ਕਿ ਮੈਨੂੰ ਬਦਲਣ ਦੀ ਜ਼ਰੂਰਤ ਹੈ। ਪ੍ਰਭੂ ਮੈਨੂੰ ਆਪਣੇ ਸ਼ਬਦ ਅਤੇ ਆਤਮਾ ਦੀ ਸ਼ਕਤੀ ਨਾਲ ਬਦਲ ਦਿਓ। ਮੈਂ ਇਸ ਪੱਧਰ ਤੋਂ ਉਸ ਪੱਧਰ ਤੱਕ ਪਹੁੰਚਣਾ ਚਾਹੁੰਦਾ ਹਾਂ ਜਿੱਥੇ ਤੁਸੀਂ ਮੈਨੂੰ ਲੈ ਜਾਣਾ ਚਾਹੁੰਦੇ ਹੋ। ਮੈਂ ਉਹ ਬਣਨਾ ਚਾਹੁੰਦਾ ਹਾਂ ਜੋ ਤੁਸੀਂ ਮੈਨੂੰ ਬਣਾਉਣਾ ਚਾਹੁੰਦੇ ਹੋ। ਮੈਂ ਉਹ ਸਭ ਕੁਝ ਚਾਹੁੰਦਾ ਹਾਂ ਜੋ ਤੁਹਾਡੇ ਕੋਲ ਮੇਰੇ ਲਈ ਭੰਡਾਰ ਵਿੱਚ ਹੈ। ਪ੍ਰਭੂ ਮੇਰੇ ਦਿਲ ਅਤੇ ਦਿਮਾਗ਼ ਨੂੰ ਬਦਲ ਦਿਓ। ਮੇਰੇ ਇਰਾਦੇ, ਮੇਰੇ ਰਵੱਈਏ, ਮੇਰੀ ਗੱਲਬਾਤ ਅਤੇ ਮੇਰੇ ਉਦੇਸ਼ਾਂ ਨੂੰ ਬਦਲੋ। ਪ੍ਰਭੂ ਮੈਨੂੰ ਉਨ੍ਹਾਂ ਚੀਜ਼ਾਂ ਤੋਂ ਛੁਟਕਾਰਾ ਪਾਉਣ ਵਿੱਚ ਸਹਾਇਤਾ ਕਰੋ ਜੋ ਮੈਨੂੰ ਪਰਮੇਸ਼ੁਰ ਦੀਆਂ ਚੀਜ਼ਾਂ ਵਿੱਚ ਤਰੱਕੀ ਕਰਨ ਅਤੇ ਵਧਣ ਤੋਂ ਰੋਕਦੀਆਂ ਹਨ। ਆਮੀਨ!*

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ***

***ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"* (ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

***"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।**

***"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।**

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਸਵੀਕਾਰ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ*

*ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗ਼ੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ**, **ਆਤਮਾ ਨਾਲ ਭਰਪੂਰ**, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ-ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ **apcwo.org/locations** ਜਾਂ ਸਾਨੂੰ **contact@apcwo.org** 'ਤੇ ਈ-ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses-Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Speaking in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

**ਕਿਸ਼ੋਰਾਂ ਲਈ**

**ਵਿਅਕਤੀਗਤ ਤਬਦੀਲੀਆਂ**

**ਰਿਸ਼ਤਿਆਂ ਦੀਆਂ ਚੁਣੌਤੀਆਂ**

**ਵਿੱਦਿਅਕ ਘੱਟ ਪ੍ਰਾਪਤੀਆਂ**

**ਕੰਮਕਾਜੀ ਮੁੱਦੇ**

**ਪਰਿਵਾਰ/ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ**

**ਮਾਪੇ/ਬੱਚੇ/ ਭੈਣ–ਭਰਾ/ਹਾਣੀ**

**ਵਿਹਾਰ ਵਿੱਚ ਗੜਬੜੀਆਂ**

**ਸ਼ਖਸੀਅਤ ਸੰਬੰਧੀ ਗੜਬੜੀਆਂ**

**ਮਨੋਵਿਗਿਆਨਿਕ/ਭਾਵਨਾਤਮਕ ਸਮੱਸਿਆਵਾਂ**

**ਤਨਾਅ/ਸਦਮਾ**

**ਸ਼ਰਾਬਖੋਰੀ/ਨਸ਼ਾਖੋਰੀ**

**ਆਤਮਿਕ ਮੁੱਦੇ**

**ਜੀਵਨ ਸਿਖਲਾਈ**

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ: chrysalislife.org**
**ਫੋਨ:** +91-80-25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1-800-300-00998
**ਈ–ਮੇਲ: counselor@chrysalislife.org**

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ “ਆਲ ਪੀਪਲਜ਼ ਚਰਚ” ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore - 560043, Karnataka, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਸਵੀਕਾਰ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *‘ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ। **ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**

## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# ਆਲ ਪੀਪਲਜ਼ ਚਰਚ ਬਾਈਬਲ ਕਾਲਜ

apcbiblecollege.org

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC-BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ (UTC+5:30)** ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ-ਲਰਨਿੰਗ:** ਤੁਸੀਂ **apcbiblecollege.org/elearn** 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ **apcbiblecollege.org** ਵੇਖੋ।

ਸਾਡਾ ਮਸੀਹੀ ਜੀਵਨ ਪਸ਼ਚਾਤਾਪ ਨਾਲ ਸ਼ੁਰੂ ਹੋਇਆ ਜੋ ਅਸਲ ਵਿੱਚ ਜੀਉਂਦੇ ਪਰਮੇਸ਼ੁਰ ਵੱਲ ਪਾਪ ਅਤੇ ਸ਼ੈਤਾਨ ਤੋਂ ਦਿਲ ਅਤੇ ਮਨ ਦਾ ਬਦਲਣਾ ਹੈ। ਉਸੇ ਪਲ, ਪਰਮੇਸ਼ੁਰ ਨੇ ਸਾਨੂੰ ਅੰਦਰੋਂ ਬਦਲ ਦਿੱਤਾ। ਅਸੀਂ ਨਵਾਂ ਜਨਮ ਪਾ ਲਿਆ! ਅਸੀਂ ਮਸੀਹ ਵਿੱਚ ਨਵੀਂ ਸਰਿਸ਼ਟੀ ਬਣ ਗਏ। ਇੱਕ ਪਲ ਵਿੱਚ, ਪਰਮੇਸ਼ੁਰ ਨੇ ਸਾਡੀਆਂ ਆਤਮਾਵਾਂ ਵਿੱਚ ਇੱਕ ਰਚਨਾਤਮਕ ਕੰਮ ਕੀਤਾ ਜੋ ਸਾਨੂੰ ਹਨੇਰੇ ਵਿੱਚੋਂ ਚਾਨਣ ਵਿੱਚ ਲਿਆਇਆ, ਸ਼ੈਤਾਨ ਦੀ ਗ਼ੁਲਾਮੀ ਵਿੱਚ ਰਹਿਣ ਤੋਂ ਲੈ ਕੇ ਮਸੀਹ ਵਿੱਚ ਅਜ਼ਾਦ ਹੋਣ ਤੱਕ। ਮਸੀਹ ਵਿੱਚ ਸਾਡਾ ਜੀਵਨ ਤੁਰੰਤ ਬਦਲਣ ਦੀ ਇੱਕ ਘਟਨਾ ਨਾਲ ਸ਼ੁਰੂ ਹੋਇਆ ਸੀ ਅਤੇ ਇਹ ਬਦਲਾਵ ਦੀ ਇੱਕ ਹੋਰ ਤੁਰੰਤ ਘਟਨਾ ਨਾਲ ਸਮਾਪਤ ਹੁੰਦਾ ਹੈ। ਪਰ, ਇਨ੍ਹਾਂ ਦੋ ਗੱਲਾਂ ਦੇ ਵਿਚਕਾਰ, ਬਦਲਾਵ ਦੀ ਇੱਕ ਨਿਰੰਤਰ ਪ੍ਰਕਿਰਿਆ ਹੈ। ਇਹ ਕਿਤਾਬ ਇਸ ‘ਤੇ ਵਿਚਾਰ ਕਰਦੀ ਹੈ ਅਤੇ ਮੁੱਖ ਤੌਰ 'ਤੇ ਪ੍ਰੇਰਣਾਦਾਇਕ ਹੈ ਅਤੇ ਬਦਲਾਵ ਦੀ ਇਸ ਨਿਰੰਤਰ ਪ੍ਰਕਿਰਿਆ ਵਿੱਚ ਸਾਨੂੰ ਸਰਗਰਮੀ ਨਾਲ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਦੀ ਹੈ।




**All Peoples Church & World Outreach**
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org